## ਛੇਤੀ ਨਾਲ ਯਾਦ ਰੱਖਣ ਵਾਲੇ ਗੁਰ:

1. ਆਪਣੇ ਦੋਸਤਾਂ ਤੇ ਗੁਆਂਢੀਆਂ ਨੂੰ ਪੁੱਛੋ ਕਿ ਉਨ੍ਹਾਂ ਨੇ ਉਪਕਰਣ ਕਿੱਥੋਂ ਖ਼ਰੀਦੇ ਹਨ। ਉਨ੍ਹਾਂ ਨੂੰ ਪੁੱਛੋ ਕਿ ਕੀ ਉਹ ਉਪਕਰਣਾਂ ਅਤੇ ਸਟੋਰ ਤੋਂ ਮਿਲੀ ਸੇਵਾ ਤੋਂ ਖ਼ੁਸ਼ ਹਨ।
2. ਉਪਕਰਣ ਖ਼ਰੀਦਣ ਦੀ ਸਭ ਤੋਂ ਚੰਗੀ ਥਾਂ ਉਹ ਕੰਪਨੀ ਹੈ, ਜਿਸ 'ਤੇ ਤੁਸੀਂ ਭਰੋਸਾ ਕਰ ਸਕਦੇ ਹੋ।
3. ਉਪਕਰਣ ਖ਼ਰੀਦਣ ਤੋਂ ਪਹਿਲਾਂ ਪੱਕਾ ਕਰੋ ਕਿ ਤੁਹਾਨੂੰ ਸਟੋਰ ਦੀਆਂ ਚੀਜ਼ਾਂ ਮੋੜਨ ਅਤੇ ਗਾਰੰਟੀ ਦੀਆਂ ਪਾਲਿਸੀਆਂ ਦਾ ਪਤਾ ਹੈ।
4. ਉਪਕਰਣ ਖ਼ਰੀਦਣ ਲੱਗਿਆਂ ਪੱਕਾ ਕਰੋ ਕਿ ਸੌਦੇ ਦੇ ਕਾਗ਼ਜ਼ਾਂ ਵਿੱਚ ਤੁਹਾਡਾ ਪਤਾ ਅਤੇ ਉਪਕਰਣ ਦਾ ਵਰਣਨ ਅਤੇ ਕੀਮਤ ਦਰਜ ਹੈ। ਜੇ ਉਪਕਰਣ ਦੀ ਡਲਿਵਰੀ ਦੀ ਜ਼ਰੂਰਤ ਹੈ, ਤਾਂ ਯਕੀਨੀ ਬਣਾਉ ਕਿ ਕਾਗ਼ਜ਼ਾਂ 'ਤੇ ਡਲਿਵਰੀ ਦੀ ਤਾਰੀਖ਼ ਵੀ ਲਿਖੀ ਹੋਈ ਹੈ।
5. ਖ਼ਰੀਦਣ ਤੋਂ ਪਹਿਲਾਂ ਆਪਣੀ ਵਾਰੰਟੀ ਪੜ੍ਹੋ। ਤੁਹਾਡੇ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਉਸ ਹੇਠ ਕੀ ਕਵਰ ਕੀਤਾ ਗਿਆ ਹੈ ਅਤੇ ਵਾਰੰਟੀ ਦੀ ਮਿਆਦ ਕਿੰਨੀ ਹੈ। ਉਸ ਵਿੱਚ ਕੁਝ ਅਜਿਹੀਆਂ ਸ਼ਰਤਾਂ ਹੋ ਸਕਦੀਆਂ ਹਨ, ਜਿਹੜੀਆਂ ਵਾਰੰਟੀ ਨੂੰ ਅਵੈਧ ਬਣਾ ਦੇਣ। ਜੇ ਉਤਪਾਦ ਕੰਮ ਨਾਂਹ ਕਰੇ, ਤਾਂ ਕੰਪਨੀ ਕੀ ਕਰੇਗੀ? ਕੀ ਉਤਪਾਦ ਦੇ ਸਾਰੇ ਹਿੱਸੇ ਵਾਰੰਟੀ ਹੇਠ ਕਵਰ ਕੀਤੇ ਹੋਏ ਹਨ?
6. ਉਪਕਰਣ ਖ਼ਰੀਦਣ ਤੋਂ ਬਾਅਦ ਵਿਕਰੀ ਦੀਆਂ ਸਭ ਰਸੀਦਾਂ, ਕੈਂਸਲ ਕੀਤੇ ਗਏ ਚੈਕ, ਮਾਲਕ ਦੇ ਮੈਨੂਅਲ ਅਤੇ ਵਾਰੰਟੀ ਦੇ ਦਸਤਾਵੇਜ਼ ਆਪਣੇ ਕੋਲ ਰੱਖੋ।
7. ਓਂਟਾਰੀਓ ਦੇ ਕਾਨੂੰਨ ਹੇਠ ਸਾਰੇ ਸਪਲਾਇਰਾਂ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਜਿਸ ਮਕਸਦ ਲਈ ਉਪਕਰਣ ਬਣਾਏ ਗਏ ਹਨ, ਉਹ ਉਸ ਦੀ ਵਰਤੋਂ ਦੇ ਯੋਗ ਹੋਣ। ਚੀਜ਼ਾਂ ਅਤੇ ਸੇਵਾਵਾਂ ਦੀਆਂ ਕੀਮਤਾਂ ਦੀ ਤੁਲਨਾ ਕਰੋ।
8. ਊਰਜਾ-ਕੁਸ਼ਲ ਉਪਕਰਣਾਂ ਦੀ ਕੀਮਤ ਘਟ ਜਾਂ ਔਸਤ ਕੁਸ਼ਲਤਾ ਵਾਲੇ ਉਪਕਰਣਾਂ ਨਾਲੋਂ ਜ਼ਿਆਦਾ ਹੁੰਦੀ ਹੈ, ਪਰ ਕਿਸੇ ਉਤਪਾਦ ਦੇ ਬੇਕਾਰ ਹੋ ਜਾਣ ਤੋਂ ਬਹੁਤ ਪਹਿਲਾਂ ਊਰਜਾ ਦੇ ਥੋੜ੍ਹੇ ਬਿਲਾਂ ਕਾਰਨ ਤੁਹਾਡੇ ਪੈਸਿਆਂ ਦੀ ਬਚਤ ਹੋ ਜਾਏਗੀ।

**ਹੇਠ ਲਿਖੇ ਮੁੱਦਿਆਂ ਬਾਰੇ ਖਪਤਕਾਰਾਂ ਦੇ ਬਚਾਅ ਲਈ ਵਧੀਕ ਸਲਾਹ ਵੈੱਬਸਾਈਟ www.cbs.gov.on.ca 'ਤੇ ਉਪਲਬਧ ਹੈ:**

- ਖਪਤਕਾਰਾਂ ਵਜੋਂ ਤੁਹਾਡੇ ਹੱਕ
- ਸਾਮਾਨ ਦੀ ਖ਼ਰੀਦ
- ਘਰ ਆਉਣ ਵਾਲੇ ਵਿਕ੍ਰੇਤਾਵਾਂ ਤੋਂ ਖਰੀਦ
- ਮੈਂਬਰਸ਼ਿੱਪ ਅਤੇ ਸੇਵਾਵਾਂ
- ਮੋਟਰ ਗੱਡੀਆਂ
- ਨਿੱਜੀ ਵਿੱਤ (ਫ਼ਾਇਨੈਂਸਿਜ਼)
- ਸ਼ਿਕਾਇਤ ਕਰਨੀ
- ਸ਼ਨਾਖ਼ਤ ਦੀ ਚੋਰੀ

ਮੰਤਰਾਲੇ ਸੰਬੰਧੀ ਆਮ ਸੂਚਨਾ ਲਈ
ਵੇਖੋ ਵੈੱਬਸਾਈਟ **www.mgs.gov.on.ca,** ਜਾਂ ਇਸ ਨੰਬਰ 'ਤੇ ਫ਼ੋਨ ਕਰੋ **(416) 326-8555** ਜਾਂ ਕਰ-ਮੁਕਤ ਨੰਬਰ **1-800-268-1142** (ਓਂਟਾਰੀਓ ਵਿੱਚ)
ਸਿਰਫ਼ TTY/ਟੈਲੀਟਾਈਪਰਾਈਟਰ ਵਰਤਣ ਵਾਲਿਆਂ ਲਈ:
**(416) 325-3408** ਜਾਂ ਕਰ-ਮੁਕਤ ਹੈ **1-800-268-7095**

ਕਿਰਪਾ ਕਰਕੇ ਆਪਣੀਆਂ ਟਿੱਪਣੀਆਂ, ਫ਼ੀਡਬੈਕ ਅਤੇ ਪੁੱਛਾਂ ਇੱਥੇ ਭੇਜੋ: **cbsinfo@cbs.gov.on.ca**

© Queen's Printer for Ontario 2005

ISBN 0-7794-8499-1



**03b**
**ਉਪਕਰਣ**



# ਤੁਹਾਨੂੰ ਉਪਕਰਣਾਂ ਬਾਰੇ ਕੀ ਕੁਝ ਜਾਣਨ ਦੀ ਜ਼ਰੂਰਤ ਹੈ

Ontario

## ਹੁਸ਼ਿਆਰ ਖਪਤਕਾਰ ਬਿਜ਼ਨਸ ਲਈ ਚੰਗੇ ਹੁੰਦੇ ਹਨ

**ਓਂਟਾਰੀਓ ਖਪਤਕਾਰਾਂ ਦੀ ਸੁਰੱਖਿਆ ਵਿੱਚ ਮੋਹਰੀ ਹੈ ਅਤੇ ਇਸਨੇ ਖਪਤਕਾਰਾਂ ਅਤੇ ਕਾਰੋਬਾਰਾਂ (ਬਿਜ਼ਨਸ) ਲਈ ਸਪੱਸ਼ਟ ਨਿਯਮ ਬਣਾਏ ਹੋਏ ਹਨ। ਆਪਣੇ ਅਧਿਕਾਰ ਜਾਣੋ – ਮਾਰਕਿਟ ਵਿੱਚ ਹੁਸ਼ਿਆਰੀ ਤੋਂ ਕੰਮ ਲਉ ਅਤੇ ਆਪਣੇ ਆਪਨੂੰ ਸੁਰੱਖਿਅਤ ਰਖੋ।**

### ਉਪਕਰਣ ਖ਼ਰੀਦਣਾ

ਘਰ ਦੇ ਉਪਕਰਣਾਂ 'ਤੇ ਭਾਰੀ ਨਿਵੇਸ਼ ਹੁੰਦਾ ਹੈ, ਜੋ ਪੰਜ ਤੋਂ ਦਸ ਸਾਲ ਤਕ ਚਲਣੇ ਚਾਹੀਦੇ ਹਨ। ਤੁਸੀਂ ਜਦ ਘਰੇਲੂ ਉਪਕਰਣ ਖ਼ਰੀਦਦੇ ਹੋ, ਜਾਂ ਉਨ੍ਹਾਂ ਦੀ ਮੁਰੰਮਤ ਕਰਵਾਉਂਦੇ ਹੋ, ਤਾਂ ਕਾਨੂੰਨ ਹੇਠ ਤੁਹਾਡੀ ਹਿਫ਼ਾਜ਼ਤ ਹੁੰਦੀ ਹੈ, ਅਤੇ ਕੁਝ ਇਕ ਇਹਤਿਆਤਾਂ ਨਾਲ ਆਮ ਸ਼ਿਕਾਇਤਾਂ ਤੋਂ ਬਚਿਆ ਜਾ ਸਕਦਾ ਹੈ।

***ਛੇਤੀ ਨਾਲ ਯਾਦ ਰੱਖਣ ਵਾਲੇ ਗੁਰ:***

- ਆਪਣੇ ਦੋਸਤਾਂ ਤੇ ਗੁਆਂਢੀਆਂ ਨੂੰ ਪੁੱਛੋ ਕਿ ਉਨ੍ਹਾਂ ਨੇ ਉਪਕਰਣ ਕਿੱਥੋਂ ਖ਼ਰੀਦੇ ਹਨ। ਉਨ੍ਹਾਂ ਨੂੰ ਪੁੱਛੋ ਕਿ ਕੀ ਉਹ ਉਪਕਰਣਾਂ ਅਤੇ ਸਟੋਰ ਤੋਂ ਮਿਲੀ ਸੇਵਾ ਤੋਂ ਖ਼ੁਸ਼ ਹਨ।
- ਉਪਕਰਣ ਖ਼ਰੀਦਣ ਦੀ ਸਭ ਤੋਂ ਚੰਗੀ ਥਾਂ ਉਹ ਕੰਪਨੀ ਹੈ, ਜਿਸ 'ਤੇ ਤੁਸੀਂ ਭਰੋਸਾ ਕਰ ਸਕਦੇ ਹੋ।
- ਉਪਕਰਣ ਖ਼ਰੀਦਣ ਤੋਂ ਪਹਿਲਾਂ ਪੱਕਾ ਕਰੋ ਕਿ ਤੁਹਾਨੂੰ ਸਟੋਰ ਦੀਆਂ ਚੀਜ਼ਾਂ ਮੋੜਨ ਅਤੇ ਗਾਰੰਟੀ ਦੀਆਂ ਪਾਲਿਸੀਆਂ ਦਾ ਪਤਾ ਹੈ।
- ਉਪਕਰਣ ਖ਼ਰੀਦਣ ਲਗਿਆਂ ਪੱਕਾ ਕਰੋ ਕਿ ਸੌਦੇ ਦੇ ਕਾਗ਼ਜ਼ਾਂ ਵਿੱਚ ਤੁਹਾਡਾ ਪਤਾ ਅਤੇ ਉਪਕਰਣ ਦਾ ਵਰਨਨ ਅਤੇ ਕੀਮਤ ਦਰਜ ਹੈ। ਜੇ ਉਪਕਰਣ ਦੀ ਡਲਿਵਰੀ ਦੀ ਜ਼ਰੂਰਤ ਹੈ, ਤਾਂ ਯਕੀਨੀ ਬਣਾਉ ਕਿ ਕਾਗ਼ਜ਼ਾਂ 'ਤੇ ਡਲਿਵਰੀ ਦੀ ਤਾਰੀਖ਼ ਵੀ ਲਿਖੀ ਹੋਈ ਹੈ।
- ਖ਼ਰੀਦਣ ਤੋਂ ਪਹਿਲਾਂ ਆਪਣੀ ਵਾਰੰਟੀ ਪੜ੍ਹੋ। ਤੁਹਾਡੇ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਉਸ ਹੇਠ ਕੀ ਕਵਰ ਕੀਤਾ ਗਿਆ ਹੈ ਅਤੇ ਵਾਰੰਟੀ ਦੀ ਮਿਆਦ ਕਿੰਨੀ ਹੈ। ਉਸ ਵਿੱਚ ਕੁਝ ਅਜਿਹੀਆਂ ਸ਼ਰਤਾਂ ਹੋ ਸਕਦੀਆਂ ਹਨ, ਜਿਹੜੀਆਂ ਵਾਰੰਟੀ ਨੂੰ ਅਵੈਧ ਬਣਾ ਦੇਣ। ਜੇ ਉਤਪਾਦ ਕੰਮ ਨਾਂਹ ਕਰੇ, ਤਾਂ ਕੰਪਨੀ ਕੀ ਕਰੇਗੀ? ਕੀ ਉਤਪਾਦ ਦੇ ਸਾਰੇ ਹਿੱਸੇ ਵਾਰੰਟੀ ਹੇਠ ਕਵਰ ਕੀਤੇ ਗਏ ਹੋਏ ਹਨ?
- ਉਪਕਰਣ ਖ਼ਰੀਦਣ ਤੋਂ ਬਾਅਦ ਵਿਕਰੀ ਦੀਆਂ ਸਭ ਰਸੀਦਾਂ, ਕੈਂਸਲ ਕੀਤੇ ਗਏ ਚੈੱਕ, ਮਾਲਕ ਦੇ ਮੈਨੁਅਲ ਅਤੇ ਵਾਰੰਟੀ ਦੇ ਦਸਤਾਵੇਜ਼ ਆਪਣੇ ਕੋਲ ਰਖੋ।
- ਓਂਟਾਰੀਓ ਦੇ ਕਾਨੂੰਨ ਹੇਠ ਸਾਰੇ ਸਪਲਾਇਰਾਂ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਜਿਸ ਮਕਸਦ ਲਈ ਉਪਕਰਣ ਬਣਾਏ ਗਏ ਹਨ, ਉਹ ਉਸ ਦੀ ਵਰਤੋਂ ਦੇ ਯੋਗ ਹੋਣ। ਚੀਜ਼ਾਂ ਅਤੇ ਸੇਵਾਵਾਂ ਦੀਆਂ ਕੀਮਤਾਂ ਦੀ ਤੁਲਨਾ ਕਰੋ।
- ਊਰਜਾ-ਕੁਸ਼ਲ ਉਪਕਰਣਾਂ ਦੀ ਕੀਮਤ ਘੱਟ ਜਾਂ ਔਸਤ ਕੁਸ਼ਲਤਾ ਵਾਲੇ ਉਪਕਰਣਾਂ ਨਾਲੋਂ ਜ਼ਿਆਦਾ ਹੁੰਦੀ ਹੈ, ਪਰ ਕਿਸੇ ਉਤਪਾਦ ਦੇ ਬੇਕਾਰ ਹੋ ਜਾਣ ਤੋਂ ਬਹੁਤ ਪਹਿਲਾਂ ਊਰਜਾ ਦੇ ਥੋੜ੍ਹੇ ਬਿਲਾਂ ਕਾਰਨ ਤੁਹਾਡੇ ਪੈਸਿਆਂ ਦੀ ਬਚਤ ਹੋ ਜਾਏਗੀ।

***ਤੁਹਾਡੇ ਅਧਿਕਾਰ:***

- ਤੁਸੀਂ ਇਕਰਾਰਨਾਮਾ ਮਨਸੂਖ਼ ਕਰ ਸਕਦੇ ਹੋ, ਜੇਕਰ ਤੁਹਾਨੂੰ ਸਾਮਾਨ ਜਾਂ ਸੇਵਾਵਾਂ ਉਸ ਤਾਰੀਖ਼ ਤੋਂ 30 ਦਿਨਾਂ ਦੇ ਅੰਦਰ ਅੰਦਰ ਉਪਲਬਧ ਨਹੀਂ ਕਰਵਾਈਆਂ ਜਾਂਦੀਆਂ, ਜਿਸ ਨੂੰ ਕਿ ਤੁਹਾਨੂੰ ਕੰਪਨੀ ਨੇ ਦੇਣ ਦਾ ਵਾਅਦਾ ਕੀਤਾ ਸੀ।

### ਕਿਸੇ ਉਪਕਰਣ ਦੀ ਮੁਰੰਮਤ ਕਰਨਾ

***ਛੇਤੀ ਨਾਲ ਯਾਦ ਰੱਖੇ ਜਾਣ ਵਾਲੇ ਗੁਰ:***

- ਪੱਕਾ ਕਰੋ ਕਿ ਇਕਰਾਰਨਾਮੇ ਵਿੱਚ ਚੀਜ਼ ਦਾ ਵਰਨਨ, ਮੁਰੰਮਤ ਦਾ ਖ਼ਰਚਾ ਅਤੇ ਤੁਹਾਡੇ ਸੰਪਰਕ ਦੀ ਜਾਣਕਾਰੀ ਦਿੱਤੀ ਗਈ ਹੋਈ ਹੈ।
- ਜਦੋਂ ਤੁਸੀਂ ਮੁਰੰਮਤ ਲਈ ਅਨੁਮਾਨ ਲੈਂਦੇ ਹੋ, ਤਾਂ ਅੰਤ ਖ਼ਰਚਾ ਪਹਿਲਾਂ ਲਾਏ ਗਏ ਅਨੁਮਾਨ ਤੋਂ ਉਸਦੇ 10 ਫ਼ੀਸਦੀ ਤੋਂ ਵਧ ਨਹੀਂ ਹੋਣਾ ਚਾਹੀਦਾ। ਇਹ ਕਾਨੂੰਨ ਹੈ।

### ਕੀ ਤੁਹਾਨੂੰ ਮਦਦ ਚਾਹੀਦੀ ਹੈ?

ਸਰਕਾਰੀ ਸੇਵਾਵਾਂ ਬਾਰੇ ਮੰਤਰਾਲੇ ਕੋਲ ਬਾਕਾਇਦਾ ਸ਼ਿਕਾਇਤ ਕਰਨ ਤੋਂ ਪਹਿਲਾਂ, ਕਿਰਪਾ ਕਰਕੇ ਹੇਠ ਲਿਖੇ ਕਦਮ ਚੁੱਕੋ:

1. ਖ਼ਰੀਦਣ ਤੋਂ ਪਹਿਲਾਂ ਆਪਣੀ ਵਾਰੰਟੀ ਪੜ੍ਹੋ। ਤੁਹਾਡੇ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਉਸ ਹੇਠ ਕੀ ਕਵਰ ਕੀਤਾ ਗਿਆ ਹੈ ਅਤੇ ਵਾਰੰਟੀ ਦੀ ਮਿਆਦ ਕਿੰਨੀ ਹੈ। ਉਸ ਵਿੱਚ ਕੁਝ ਅਜਿਹੀਆਂ ਸ਼ਰਤਾਂ ਹੋ ਸਕਦੀਆਂ ਹਨ, ਜਿਹੜੀਆਂ ਵਾਰੰਟੀ ਨੂੰ ਅਵੈਧ ਬਣਾ ਦੇਣ। ਜੇ ਉਤਪਾਦ ਕੰਮ ਨਾਂਹ ਕਰੇ, ਤਾਂ ਕੰਪਨੀ ਕੀ ਕਰੇਗੀ? ਕੀ ਉਤਪਾਦ ਦੇ ਸਾਰੇ ਹਿੱਸੇ ਵਾਰੰਟੀ ਹੇਠ ਕਵਰ ਕੀਤੇ ਗਏ ਹੋਏ ਹਨ?
2. ਕੰਪਨੀ ਨਾਲ ਸੰਪਰਕ ਕਰਕੇ ਆਪਣੀ ਨਿਸ਼ਚਤ ਸ਼ਿਕਾਇਤ ਸਪੱਸ਼ਟ ਕਰਕੇ ਦੱਸੋ।
3. ਸ਼ਿਕਾਇਤ ਲਿਖਤੀ ਰੂਪ ਵਿੱਚ ਕਰੋ ਅਤੇ ਇਸਨੂੰ ਪਹੁੰਚਾਏ ਜਾਣ ਦਾ ਸਬੂਤ ਅਤੇ ਕੰਪਨੀ ਨਾਲ ਕੋਈ ਹੋਰ ਚਿੱਠੀ ਪੱਤਰ ਆਪਣੇ ਕੋਲ ਰੱਖੋ।
4. ਜੇ ਫਿਰ ਵੀ ਤੁਹਾਡੀ ਤਸੱਲੀ ਨਹੀਂ ਹੁੰਦੀ, ਤਾਂ ਸਾਡੀ ਵੈੱਬਸਾਈਟ **www.mgs.gov.on.ca** 'ਤੇ ਜਾ ਕੇ ਰਸਮੀ ਤੌਰ 'ਤੇ ਸ਼ਿਕਾਇਤ ਕਰੋ ਅਤੇ ਆਨਲਾਈਨ ਸਰਵਿਸਿਜ਼ 'ਤੇ ਜਾਉ।

### ਹੋਰ ਜਾਣਕਾਰੀ ਲਈ

ਇਸ ਬਾਰੇ ਅਤੇ ਉਪਭੋਗੀਆਂ ਦੇ ਹੋਰ ਵਿਸ਼ਿਆਂ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਸਰਕਾਰੀ ਸੇਵਾਵਾਂ ਬਾਰੇ ਮੰਤਰਾਲੇ ਦੀ ਵੈੱਬਸਾਈਟ **www.mgs.gov.on.ca** ਵੇਖੋ ਜਾਂ ਇਸ ਨੰਬਰ 'ਤੇ ਫ਼ੋਨ ਕਰੋ (416) 326-8555, ਜਾਂ ਕਰ-ਮੁਕਤ ਨੰਬਰ 1-800-268-1142 । TTY ਹੈ (416) 325-3408 ਜਾਂ ਕਰ-ਮੁਕਤ ਨੰਬਰ ਹੈ 1-800-268-7095 ।